ਪੰ ੬-੨-੭੬
ਐਂਟਰੀ ੨੬
26722
5.98
17

# ਮੁਖ ਬੰਦ

ਕਹਾਣੀ ਦਾ ਬਚਿਆਂ ਨੂੰ ਬੜਾ ਸ਼ੌਕ ਹੁੰਦਾ ਹੈ, ਤਿੰਨ ਚਾਰ ਸਾਲ ਤੋਂ ਲੈ ਕੇ ਦਸਾਂ ਬਾਰਾਂ ਸਾਲਾਂ ਤਕ ਇਹ ਸ਼ੌਕ ਲਗਾਤਾਰ ਜਾਰੀ ਰਹਿੰਦਾ ਹੈ। "ਚਿੜੀ ਤੇ ਕਾਂ" ਤੋਂ ਕਹਾਣੀਆਂ ਸ਼ੁਰੂ ਹੁੰਦੀਆਂ ਹਨ, ਛੋਟੀ ਉਮਰ ਵਿਚ ਬੱਚੇ ਬੜੇ ਚਾਅ ਨਾਲ ਇਨ੍ਹਾਂ ਨਿਕੀਆਂ ਨਿਕੀਆਂ ਕਹਾਣੀਆਂ ਨੂੰ ਸੁਣਦੇ ਹਨ। ਵੱਡੇ ਹੋਇਆਂ ਆਪਣੀਆਂ ਕਿਤਾਬਾਂ ਵਿਚ ਉਹਨਾਂ ਨੂੰ ਉਹਨਾਂ ਦੀ ਰੁੱਚੀ ਮੁਤਾਬਕ ਬਹੁਤ ਘਟ ਕਹਾਣੀਆਂ ਮਿਲਦੀਆਂ ਹਨ। ਪੰਜਾਬੀ ਵਿਚ ਬਚਿਆਂ ਦੇ ਨੁਕਤੇ ਤੋਂ ਬਹੁਤ ਘਟ ਕਹਾਣੀਆਂ ਲਿਖੀਆਂ ਗਈਆਂ ਹਨ। ਕਿਤਾਬਾਂ ਦੇ ਲਿਖਾਰੀ ਤੇ ਪਬਲਿਸ਼ਰ ਬਹੁਤ ਕੁਝ ਉਹਨਾਂ ਨੂੰ ਸਿਖਿਆ ਦੇਣ ਵਾਸਤੇ ਲਿਖਦੇ ਹਨ। ਬਚਿਆਂ ਦੀਆਂ ਕਿਤਾਬਾਂ ਵਿਚ ਸਿਖਿਆਦਾਇਕ (didactic) ਮਜ਼ਮੂਨ ਤੇ ਨਜ਼ਮਾਂ ਬਹੁਤ ਹੁੰਦੀਆਂ ਹਨ। ਬੱਚੇ ਦੇ ਮਨ ਦੀਆਂ ਖ਼ਿਆਲੀ ਉਡਾਰੀਆਂ (Phantasy) ਦੀ ਤ੍ਰੇਹ ਬੁਝਾਣ ਵਾਲੀਆਂ ਕਹਾਣੀਆਂ ਪੰਜਾਬੀ ਲਿਟਰੇਚਰ ਵਿਚ ਟਾਵੀਆਂ ਟਾਵੀਆਂ ਹੀ ਹਨ॥

ਕਹਾਣੀਆਂ ਦਾ ਇਹ ਸੰਗ੍ਰਹਿ ਦਸ ਤੋਂ ਬਾਰਾਂ ਸਾਲ ਦੇ ਬਚਿਆਂ ਵਾਸਤੇ ਇਕ ਬੜਾ ਲੋੜੀਂਦਾ ਸੰਗ੍ਰਹਿ ਹੈ। ਇਹ ਕਹਾਣੀਆਂ ਪੰਜਵੀਂ, ਛੇਵੀ, ਸਤਵੀਂ ਦੇ ਬਚਿਆਂ ਵਾਸਤੇ ਬੜੀਆਂ ਦਿਲਚਸਪ ਸਾਬਤ ਹੋਣਗੀਆਂ।

ਸਾਡੇ ਬੱਚੇ ਇਨ੍ਹਾਂ ਨੂੰ ਬੜੇ ਸ਼ੌਕ ਨਾਲ ਪੜ੍ਹਦੇ ਹਨ। ਇਨ੍ਹਾਂ ਵਿਚ ਵਾਕਫ਼ੀ ਵੀ ਹੈ, ਖ਼ਿਆਲ ਟੁੰਭਣ ਵਾਲੀਆਂ ਘਟਨਾਵਾਂ ਤੇ ਮਿਸਾਲਾਂ ਵੀ ਹਨ, ਖ਼ਿਆਲੀ ਉਡਾਰੀ ਲਈ ਵੀ ਚੋਖਾ ਕੁਝ ਹੈ। ਬਹੁਤਾ ਕੁਝ ਬਚਿਆਂ ਦੀ ਆਪਣੀ ਜ਼ਿੰਦਗੀ ਵਿਚੋਂ ਹੀ ਲਿਆ ਹੋਇਆ ਹੈ। ਬੱਚੇ ਉਹਨਾਂ ਕਹਾਣੀਆਂ ਨੂੰ ਹੀ ਪਸੰਦ ਕਰਦੇ ਹਨ ਜੋ ਉਹਨਾਂ ਦੀ ਜ਼ਿੰਦਗੀ ਨਾਲ ਵਾਸਤਾ ਰਖ-ਦੀਆਂ ਹੋਣ॥

ਇਨ੍ਹਾਂ ਕਹਾਣੀਆਂ ਨੂੰ ਪੰਜਾਬੀ ਜਾਮਾ ਸਰਦਾਰ ਗੁਰਬਖ਼ਸ਼ ਸਿੰਘ ਜੀ ਐਡੀਟਰ ਪ੍ਰੀਤ ਲੜੀ ਨੇ ਪਹਿਨਾਇਆ ਹੈ। ਬਹੁਤ ਸਾਰੀਆਂ ਕਹਾਣੀਆਂ ਅੰਗਰੇਜ਼ੀ ਵਿਚੋਂ ਉਲਥਾ ਕੀਤੀਆਂ ਗਈਆਂ ਹਨ। ਕੁਝ ਉਹਨਾਂ ਦੀਆਂ ਆਪਣੀਆਂ ਲਿਖੀਆਂ ਹੋਈਆਂ ਹਨ। ਇਨ੍ਹਾਂ ਕਹਾਣੀਆਂ ਦੀ ਬੋਲੀ ਬੜੀ ਸਾਫ਼ ਤੇ ਮਿੱਠੀ ਹੈ॥

ਪ੍ਰੀਤ ਨਗਰ
੧੦ ਜੂਨ, ੧੯੪੧
1941

ਜਗਦੀਸ਼ ਸਿੰਘ
ਪ੍ਰਿੰਸੀਪਲ, ਐਕਟਿਵਿਟੀ ਸਕੂਲ

| ਕੀ | ਕਿੱਥੇ |
|---|---|
| ੧. ਗੁਲਾਬੀ ਐਣਕਾਂ | ੧ |
| ੨. ਘਾ ਦੇ ਢੇਰ ਵਿਚ ਸੂਈ | ੧੧ |
| ੩. ਲੋਹੜੀ | ੨੦ |
| ੪. ਮੁਰਾਦਾਂ ਪੂਰੀਆਂ ਕਰਨ ਵਾਲਾ ਖੂਹ | ੩੩ |
| ੫. ਨਿੱਕੇ ਕੁੱਜੇ ਕੁੱਜੀਆਂ | ੪੬ |
| ੬. ਭਰੋਸਾ ਸਿਸਟਮ | ੫੬ |
| ੭. ਨਾਗ ਪ੍ਰੀਤ ਦਾ ਜਾਦੂ | ੭੯ |
| ੮. ਜੇ ਸਾਰੇ ਆਦਮੀ ਹੀ ਹੁੰਦੇ | ੯੫ |
| ੯. ਬਿਰਹੋਂ | ੧੦੧ |
| ੧੦. ਮੇਰੀ ਨੰਨ੍ਹੀ ਲਿਲਾਹ | ੧੦੬ |
| ੧੧. ਭਗਣ ਹਿਰਦੇ | ੧੨੨ |
| ੧੨. ਮਾੜੇ ਬਚਨ | ੧੨੯ |
| ੧੩. ਇਹ ਨਾ ਕਰੋ | ੧੩੬ |

# ਗੁਲਾਬੀ ਐਣਕਾਂ

ਸ਼ਹਿਜ਼ਾਦੇ ਫੁਲਵਰਨ ਦੇ ਜੰਮਦਿਆਂ ਹੀ, ਜਦੋਂ ਉਹ ਪੰਘੂੜੇ ਵਿਚ ਪਿਆ ਸੀ, ਓਹਦੀ ਪਰੀ-ਮਾਂ ਨੇ ਉਹਦੇ ਨਿੱਕੇ ਜਿਹੇ ਨੱਕ ਉਤੇ ਇਕ ਉਮਰ ਨਾਲ ਵਧਣ ਵਾਲੀ, ਕਮਾਨੀਦਾਰ ਗੁਲਾਬੀ ਐਣਕ ਚੜ੍ਹਾ ਦਿੱਤੀ। ਇਹ ਐਣਕ ਉਹ ਦਿਨੇ ਰਾਤ ਪਾਈ ਰਖਦਾ ਸੀ।

ਜਦੋਂ ਉਹ ਵੱਡਾ ਵੀ ਹੋ ਗਿਆ, ਤੇ ਉਹ ਕਦੇ ਐਣਕ ਲਾਹੁਣ ਦਾ ਜਤਨ ਕਰਦਾ, ਤਾਂ ਵੱਡਾ ਵਜ਼ੀਰ ਜਾਂ ਬੁੱਢੀ ਦਾਈ ਓਸੇ ਘੜੀ ਗੋਡਿਆਂ ਪਰਨੇ ਹੋ ਕੇ ਬੇਨਤੀ ਕਰਦੇ ਕਿ ਸ਼ਹਿਜ਼ਾਦਾ ਐਣਕਾਂ ਨਾ ਲਾਹੇ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.